(II) ਪੰਜਾਬੀ ਟ੍ਰਿਬਿਊਨ, ਸ਼ਨਿਚਰਵਾਰ, 26 ਦਸੰਬਰ, 1998

# ਪਰਚਾਰ ਨਾਟਕਾਂ ਦੀ ਨਾਟਕ-ਕਲਾ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਨਾਟਕ ਸਾਹਿਤ ਦਾ ਇਕ ਅਜਿਹਾ ਰੂਪ ਹੈ, ਜਿਹੜਾ ਸਿਰਫ ਲਿਖਤੀ ਹੀ ਨਹੀਂ ਸਗੋਂ ਮੰਚਣ ਦੇ ਰੂਪ ਵਿਚ ਵੀ ਲੋਕਾਂ ਦੇ ਰੂਬਰੂ ਹੁੰਦਾ ਹੈ। ਲੋਕ ਜ਼ਿੰਦਗੀ ਦੀ ਕੋਈ ਕਹਾਣੀ ਆਪਣੇ ਸਾਹਮਣੇ ਵਾਪਰਦੀ ਹੋਈ ਦੇਖਦੇ ਹਨ ਅਤੇ ਨਾਟਕ ਦਾ ਸੁਨੇਹਾ ਉਹਨਾਂ ਨੂੰ ਮਿਲਦਾ ਹੈ। ਇਹ ਕਹਾਣੀ ਕੋਈ ਡੂੰਘਾ ਮਨੋਵਿਗਿਆਨਕ ਅਧਿਐਨ ਵੀ ਹੋ ਸਕਦਾ ਹੈ ਜਾਂ ਜ਼ਿੰਦਗੀ ਦੇ ਕਿਸੇ ਯਥਾਰਥ ਦਾ ਸਾਦਾ ਰੂਪ ਵੀ ਹੋ ਸਕਦਾ ਹੈ। ਨਾਟਕ ਤਾਂ ਹੀ ਨਾਟਕ ਬਣਦਾ ਹੈ, ਜੇ ਉਹਦਾ ਕੋਈ ਪਲਾਟ ਹੋਵੇ ਮਤਲਬ ਕਿ ਉਹਦਾ ਮੁੱਢ, ਮੱਧ ਅਤੇ ਸਿਖਰ ਹੋਵੇ। ਇਹ ਗੱਲ ਪਰਚਾਰ ਨਾਟਕ ਦੀ ਸਫਲਤਾ ਉਤੇ ਵੀ ਲਾਗੂ ਹੁੰਦੀ ਹੈ। ਇਥੇ ਪਰਚਾਰ ਨਾਟਕ ਦੀ ਗੱਲ ਵਿਸਥਾਰ ਨਾਲ ਇਸ ਕਰਕੇ ਕੀਤੀ ਜਾ ਰਹੀ ਹੈ ਕਿਉਂਕਿ ਉਹ ਨਾਟਕੀ ਸਰਗਰਮੀਆਂ ਵਿਚ ਇਕ ਅਹਿਮ ਥਾਂ ਰਖਦੇ ਹਨ। ਕਿਸੇ ਨਾ ਕਿਸੇ ਸਮਾਜਿਕ ਬੁਰਿਆਈ ਨੂੰ ਪੇਸ਼ ਕਰਦੇ ਹੋਏ ਬੜੇ ਸਫਲ ਨਾਟਕ ਹੋਏ ਹਨ। ਨਸ਼ਿਆਂ ਦੇ ਵਿਰੁੱਧ ਬਲਦੇਵ ਸਿੰਘ ਮੋਗਾ ਦਾ ਨਾਟਕ 'ਮਿੱਟੀ ਰੁਦਨ ਕਰੇ' ਬੜੀ ਹੀ ਸਫਲ ਕਲਾਕ੍ਰਿਤ ਹੈ। ਇਹ ਨਾਟਕ ਪਿਛਲੇ ਦੋ-ਤਿੰਨ ਸਾਲਾਂ ਤੋਂ ਨਾਟਕ ਮੇਲਿਆਂ ਦਾ ਸ਼ਿੰਗਾਰ ਰਿਹਾ ਹੈ। ਤਰਕਸ਼ੀਲ ਲਹਿਰ ਨਾਲ ਜੁੜਦੇ ਵਹਿਮਾਂ ਭਰਮਾਂ ਵਿਰੁੱਧ ਨਾਟਕ ਨੇ ਵੀ ਤਰਕਸ਼ੀਲ ਲਹਿਰ ਨੂੰ ਸ਼ਕਤੀ ਬਖਸ਼ੀ ਹੈ। ਇਸ ਸੰਦਰਭ ਵਿਚ ਤਿਰਲੋਚਨ ਸਿੰਘ ਦਾ ਨਾਟਕ 'ਸਾੜ੍ਹਸੱਤੀ', ਸੁਦੇਸ਼ ਦੀਪਕ ਦਾ ਨਾਟਕ 'ਬਾਲ ਭਗਵਾਨ' ਅਤੇ ਮੇਰਾ ਆਪਣਾ ਨਾਟਕ 'ਦੇਵ ਪੁਰਸ਼ ਹਾਰ ਗਏ' ਪੰਜਾਬੀ ਸਟੇਜ ਦੇ ਬੜੇ ਮਕਬੂਲ ਨਾਟਕ ਕਹੇ ਜਾ ਸਕਦੇ ਹਨ। ਇਸੇ ਤਰ੍ਹਾਂ ਪਰਦੂਸ਼ਨ ਦੇ ਵਿਸ਼ੇ ਉਤੇ ਮੇਰੇ ਨਾਟਕ ਜੰਗਲ, ਪ ਣੀ, ਹਰ ਇਕ ਨੂੰ ਜੀਣ ਦਾ ਹੱਕ ਚਾਹੀਦਾ ਹੈ, ਆਦਿ ਨੇ ਪਰਦੂਸ਼ਨ ਦੇ ਵਿਰੁੱਧ ਪਰਚਾਰ ਵਿਚ ਆਪਣੀ ਥਾਂ ਬਣਾਈ। ਇਸੇ ਸੰਦਰਭ ਵਿਚ ਮੈਂ ਆਪਣੇ ਨਵੇਂ ਨਾਟਕ 'ਏਡਜ਼' ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ ਜਿਸ ਦੀ ਪਹਿਲੀ ਪੇਸ਼ਕਾਰੀ ਕ੍ਰਿਕਟ ਸਟੇਡੀਅਮ ਮੁਹਾਲੀ ਵਿਖੇ ਖੁੱਲ੍ਹੇ ਮੰਚ ਉਤੇ ਪਹਿਲੀ ਦਸੰਬਰ ਨੂੰ ਹੋਈ ਹੈ।

ਅੰਕੜੇ ਦੱਸਦੇ ਹਨ ਕਿ ਇਹ ਲਾਇਲਾਜ ਬਿਮਾਰੀ ਬੜੇ ਭਿਆਨਕ ਰੂਪ ਵਿਚ ਭਾਰਤ ਵਿਚ ਫੈਲ ਰਹੀ ਹੈ। ਇਹਦਾ ਸਹਿਮ ਪੰਜਾਬ ਦੇ ਪੇਂਡੂ ਭਾਈਚਾਰੇ ਵਿਚ ਬਹੁਤ ਪੈ ਗਿਆ ਹੈ। ਘਰਾਂ ਦੀ ਅਮਨ-ਸ਼ਾਂਤੀ ਭੰਗ ਹੋ ਰਹੀ ਹੈ। ਸਾਡੇ ਪਿੰਡਾਂ ਦੇ ਬਹੁਤ ਸਾਰੇ ਨੌਜਵਾਨ (ਸ਼ਹਿਰਾਂ ਦੇ ਵੀ) ਟਰਾਂਸਪੋਰਟ ਦੇ ਕਾਰੋਬਾਰ ਵਿਚ ਹਨ। ਟਰੱਕਾਂ ਦੇ ਡਰਾਈਵਰ ਅਤੇ ਕਲੀਨਰ ਕਿੰਨੀਆਂ ਕਿੰਨੀਆਂ ਰਾਤਾਂ ਘਰੋਂ ਬਾਹਰ ਰਹਿੰਦੇ ਹਨ ਅਤੇ ਗਲਤ ਥਾਵਾਂ ਉਤੇ ਰਾਤਾਂ ਗੁਜ਼ਾਰਦੇ ਹਨ। ਇਹ ਏਡਜ਼ ਦੀ ਬਿਮਾਰੀ ਫਿਰ ਛੂਤ ਦੀ ਬਿਮਾਰੀ ਵਾਂਗ ਘਰਾਂ ਵਿਚ ਆਉਂਦੀ ਹੈ। ਪੀੜ੍ਹੀਆਂ ਦਰ ਪੀੜ੍ਹੀਆਂ ਇਹਦੇ ਮਾਰੂ ਅਸਰ ਥੱਲੇ ਆ ਜਾਂਦੀਆਂ ਹਨ। ਅਜਮੇਰ ਸਿੱਧੂ ਦੇ ਕਹਾਣੀ-ਸੰਗ੍ਰਹਿ 'ਨਚੀਕੇਤਾ ਦੀ ਮੌਤ' ਵਿਚ ਇਸੇ ਵਿਸ਼ੇ ਉਤੇ ਲਿਖੀ ਕਹਾਣੀ 'ਥੇਹ' ਇਕ ਪ੍ਰਭਾਵਸ਼ਾਲੀ ਕਹਾਣੀ ਹੈ। ਲੋਕਾਂ ਨੂੰ ਇਸ ਬਿਮਾਰੀ ਬਾਰੇ ਵਿਗਿਆਨਕ ਤਰੀਕੇ ਨਾਲ ਜਾਗਰੂਪ ਕਰਨ ਲਈ ਨਾਟਕ 'ਏਡਜ਼' ਲਿਖਿਆ ਗਿਆ ਹੈ। ਜਿਸ ਤਰ੍ਹਾਂ ਉੱਪਰ ਜ਼ਿਕਰ ਕੀਤਾ ਗਿਆ ਹੈ, ਨਾਟਕ, ਭਾਵੇਂ ਉਹ ਪਰਚਾਰ ਨਾਟਕ ਹੀ ਹੋਵੇ, ਨਾਟਕ ਤਾਂ ਹੀ ਬਣਦਾ ਹੈ, ਜੇ ਉਹਦਾ ਕੋਈ ਆਪਣਾ ਪਲਾਟ ਹੋਵੇ। ਅਸਰ ਵੀ ਤਾਂ ਹੀ ਸਾਰਥਕ ਹੁੰਦਾ ਹੈ ਜੇ ਉਹਦੀ ਸਕਰਿਪਟ ਵੀ ਅਤੇ ਮੰਚਣ ਵੀ ਪ੍ਰਭਾਵਸ਼ਾਲੀ ਹੋਵੇ। ਇਸ ਨਾਟਕ ਦੀ ਸਕਰਿਪਟ ਮੈਂ ਆਪਣੀ ਵਿੱਤ ਅਨੁਸਾਰ ਲਿਖੀ ਪਰ ਇਹਦੀ ਨਾ ਭੁੱਲਣ ਵਾਲੀ ਪੇਸ਼ਕਾਰੀ ਚੰਡੀਗੜ੍ਹ ਦੇ ਜਾਣੇ-ਪਹਿਚਾਣੇ ਮੰਚ ਨਿਰਦੇਸ਼ਕ ਉਮੇਸ਼ ਕਾਂਤ ਨੇ ਕੀਤੀ।

ਨਾਟਕ ਦੇ ਪਹਿਲੇ ਭਾਗ ਵਿਚ ਬਲਵੰਤ ਸਿੰਘ ਦੀ ਦੁਬਿਧਾ ਵਿਖਾਈ ਗਈ ਹੈ। ਉਹਦੀ ਪਤਨੀ ਦੀ ਮੌਤ ਹੋ ਗਈ ਹੈ। ਉਹਦੀ ਪੰਜ ਸਾਲਾਂ ਦੀ ਬੱਚੀ ਹੈ। ਬਲਵੰਤ ਸਿੰਘ ਦੀ ਮਾਂ ਵਲੋਂ ਬਲਵੰਤ ਸਿੰਘ ਉਤੇ ਜ਼ੋਰ ਪਾਇਆ ਜਾ ਰਿਹਾ ਹੈ ਕਿ ਉਹ ਦੂਜਾ ਵਿਆਹ ਕਰ ਲਵੇ ਕਿਉਂਕਿ ਬੱਚੀ ਨੂੰ ਮਾਂ ਦੇ ਪਿਆਰ ਦੀ ਲੋੜ ਹੈ। ਬਲਵੰਤ ਸਿੰਘ ਨਹੀਂ ਮੰਨਦਾ, ਕਿਉਂਕਿ ਉਹ ਆਪਣੀ ਮਰਹੂਮ ਪਤਨੀ ਨੂੰ ਬਹੁਤ ਪਿਆਰ ਕਰਦਾ ਸੀ ਅਤੇ ਉਹ ਹੋਰ ਵਿਆਹ ਨਾ ਕਰਵਾ ਕੇ ਉਹਦੀ ਵਫਾ ਨੂੰ ਪਾਲਣਾ ਚਾਹੁੰਦਾ ਹੈ। ਪਰ ਬੜੇ ਦਬਾਅ ਪਾਉਣ ਉਤੇ ਉਹ ਇਹ ਪੇਸ਼ਕਸ਼ ਮੰਨ ਲੈਂਦਾ ਹੈ ਕਿਉਂਕਿ ਇਹ ਪੇਸ਼ਕਸ਼ ਇਕ ਐਸੀ ਭਰ ਜਵਾਨ ਮੁਟਿਆਰ ਬਾਰੇ ਹੈ ਜੋ ਵਿਆਹ ਦੇ ਇਕ ਸਾਲ ਬਾਅਦ ਹੀ ਵਿਧਵਾ ਹੋ ਗਈ ਸੀ। ਮਨਦੀਪ ਨੂੰ ਵੀ ਬਲਵੰਤ ਸਿੰਘ ਵਾਂਗ ਇਕ ਸਾਥ ਦੀ ਲੋੜ ਹੈ। ਕਹਾਣੀ ਅੱਗੇ ਚਲਦੀ ਹੈ। ਉਨ੍ਹਾਂ ਦਾ ਘਰ ਬੜਾ ਚੰਗਾ ਚਲ ਰਿਹਾ ਹੈ। ਬੱਚੀ ਵੀ ਆਪਣੀ ਨਵੀਂ ਮਾਂ ਨਾਲ ਰਚਮਿਚ ਗਈ ਹੈ। ਛੋਟੀਆਂ ਛੋਟੀਆਂ ਮਾਨਵੀ ਛੋਹਾਂ ਨਾਲ ਇਹ ਸਭ ਕੁਝ ਸਥਾਪਤ ਕੀਤਾ ਜਾਂਦਾ ਹੈ। ਅਚਾਨਕ ਮਨਦੀਪ ਨੂੰ ਇਕ ਰਾਤ ਖੰਘ ਦਾ ਦੌਰਾ ਪੈਂਦਾ ਹੈ। ਡਾਕਟਰ ਜਦੋਂ ਰੋਗੀ ਦੀ ਕੇਸ ਹਿਸਟਰੀ ਪੁੱਛਦਾ ਹੈ ਤਾਂ ਪਤਾ ਲਗਦਾ ਹੈ ਕਿ ਮਨਦੀਪ ਦਾ ਪਹਿਲਾ ਪਤੀ, ਜੋ ਇਕ ਟਰੱਕ ਦਾ ਮਾਲਕ ਸੀ, ਇਕ ਦਿਨ ਤੇਜ਼ ਬੁਖਾਰ ਨਾਲ ਘਰ ਆਇਆ ਸੀ ਤੇ ਫੇਰ ਛੇਤੀ ਹੀ ਆਖਰੀ ਸਾਹ ਲੈ ਗਿਆ ਸੀ। ਡਾਕਟਰੀ ਟੈਸਟ ਦੱਸਦੇ ਹਨ ਕਿ ਮਨਦੀਪ ਏਡਜ਼ ਦੀ ਪੀੜਤ ਹੈ।

ਅਗਲੀ ਝਾਕੀ ਵਿਚ ਇਹ ਸਥਾਪਤ ਹੋ ਗਿਆ ਹੈ ਕਿ ਮਨਦੀਪ ਦੀ ਮੌਤ ਹੋ ਗਈ ਹੈ। ਬਲਵੰਤ ਸਿੰਘ ਹੁਣ ਆਪ ਇਕ ਸਹਿਮ ਵਿਚ ਜਿਉ ਰਿਹਾ ਹੈ। ਨਾਟਕ ਨਿਰਦੇਸ਼ਕ ਅਤੇ ਕਲਾਕਾਰ ਦੀ ਇਹ ਕਮਾਲ ਸੀ ਕਿ ਉਹਨੇ ਇਸ ਸਹਿਮ ਨੂੰ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਕਾਇਮ ਕੀਤਾ। ਅਗਲੀ ਮੌਤ ਬਲਵੰਤ ਸਿੰਘ ਦੀ ਹੈ। ਉਹ ਮੌਤ ਮਾਨਸਿਕ ਹੈ ਜਾਂ ਸਰੀਰਕ ਹੈ? ਇਹ ਇਕ ਗੁੰਝਲ ਵੀ ਹੈ ਅਤੇ ਨਾਟਕੀ ਸਥਿਤੀ ਵੀ ਹੈ। ਨਾਟਕ ਵਿਚ ਸਾਈਡ ਪਲਾਟ ਅਮਰੀਕਾ ਵਿਚ ਰਹਿੰਦੇ ਬਲਵੰਤ ਸਿੰਘ ਦੇ ਭਰਾ ਦਾ ਹੈ, ਜੋ ਚੰਡੀਗੜ੍ਹ ਆਇਆ ਹੋਇਆ ਹੈ ਅਤੇ ਉਥੇ ਉਹਦੀ ਕਾਲਜ ਵੇਲੇ ਦੀ ਦੋਸਤ ਕੁੜੀ ਹੈ, ਜੋ ਕਿਸੇ ਫਰਮ ਵਿਚ ਕੰਮ ਕਰਦੀ ਹੈ। ਦੋਨੋਂ ਫਰੀ ਸੈਕਸ ਦੇ ਸਿਧਾਂਤ ਨੂੰ ਮੰਨਦੇ ਹਨ ਅਤੇ ਇਹੀ ਉਨ੍ਹਾਂ ਦੀ ਤ੍ਰਾਸਦੀ ਦਾ ਕਾਰਨ ਬਣਦੀ ਹੈ।

ਨਾਟਕ 'ਏਡਜ਼' ਬੜੀ ਸ਼ਿੱਦਤ ਨਾਲ ਦਰਸ਼ਕਾਂ ਨੂੰ ਇਸ ਬਿਮਾਰੀ ਦੇ ਭਿਆਨਕ ਨਤੀਜਿਆਂ ਬਾਰੇ ਜਾਗਰੂਪ ਕਰਦਾ ਹੈ। ਨਿੱਕੇ ਨਿੱਕੇ ਨਾਟਕੀ ਵਾਰਤਾਲਾਪ ਇਹ ਸਥਾਪਤ ਕਰਦੇ ਹਨ ਕਿ ਜੇ ਇਹਤਿਆਤ ਨਾ ਵਰਤੀ ਜਾਏ ਤਾਂ ਸਾਰੀ ਜ਼ਿੰਦਗੀ ਕਿਸ ਤਰ੍ਹਾਂ ਸਰਾਪੀ ਜਾਂਦੀ ਹੈ। ਇਹ ਅਹਿਸਾਸ ਹੁੰਦਾ ਹੈ ਕਿ ਇਹ ਤ੍ਰਾਸਦੀ ਸਾਡੇ ਘਰ ਹੀ ਵਾਪਰ ਸਕਦੀ ਹੈ। ਇਹ ਅਹਿਸਾਸ ਹੀ ਨਾਟਕ ਦੀ ਸਫਲਤਾ ਹੈ। ਨਾਟਕ ਦੀ ਕਹਾਣੀ ਔਰਤ ਦੇ ਦੁਖ ਨੂੰ ਵੀ ਬੜੀ ਹਮਦਰਦੀ ਨਾਲ ਪੇਸ਼ ਕਰਦੀ ਹੈ। ਜਦੋਂ ਕੋਈ ਮਹਾਂਮਾਰੀ ਵਾਪਰਦੀ ਹੈ, ਭਾਵੇਂ ਉਹ ਜੰਗ ਹੋਵੇ, ਦੇਸ਼ ਦੀ ਵੰਡ ਹੋਵੇ ਜਾਂ ਆਰਥਿਕ ਤੰਗੀ, ਉਹਦਾ ਦੁਖ ਬਹੁਤਾ ਔਰਤ ਨੂੰ ਹੀ ਉਠਾਉਣਾ ਪੈਂਦਾ ਹੈ ਕਿਉਂਕਿ ਉਹ ਇਸ ਸਮਾਜ ਦੀ ਮਜਬੂਰ ਔਰਤ ਹੈ। ਮਾਂ, ਪਤਨੀ, ਦਫਤਰਾਂ ਵਿਚ ਕੰਮ ਕਰ ਰਹੀਆਂ ਕੁੜੀਆਂ, ਸੇਲਜ਼ ਕੁੜੀਆਂ ਹਰ ਵੇਲੇ ਸਹਿਮ ਵਿਚ ਜੀਂਦੀਆਂ ਹਨ।

ਜਿਸ ਤਰ੍ਹਾਂ ਸਮਕਾਲੀ ਮਸਲਿਆਂ ਉਤੇ ਲਿਖੇ ਨਾਟਕ ਅਜੋਕੇ ਨਾਟਕ ਸਾਹਿਤ ਵਿਚ ਆਪਣੀ ਥਾਂ ਰਖਦੇ ਹਨ, ਉਥੇ ਪਰਚਾਰ ਨਾਟਕ ਵੀ ਜੇ ਸਹੀ ਨਾਟਕੀ ਤਕਨੀਕ ਦੇ ਅਨੁਸਾਰ ਲਿਖੇ ਜਾਣ ਤਾਂ ਨਾਟਕ ਸਾਹਿਤ ਵਿਚ ਆਪਣੀ ਅਹਿਮੀਅਤ ਰਖਦੇ ਹਨ। ਨਾਟਕ 'ਏਡਜ਼' ਨੂੰ ਵੀ ਇਸੇ ਪ੍ਰਸੰਗ ਵਿਚ ਵੇਖਣਾ ਬਣਦਾ ਹੈ। ਪਰਚਾਰ ਨਾਟਕ, ਭਾਵੇਂ ਉਹ ਸਿਆਸੀ ਹੋਣ, ਧਾਰਮਿਕ ਹੋਣ ਜਾਂ ਸਮਾਜਿਕ ਹੋਣ, ਨਾਟਕ ਦੀ ਕਲਾ ਦੀਆਂ ਜਾਣੀਆਂ ਹੋਈਆਂ ਲੋੜਾਂ ਨੂੰ ਪੂਰਾ ਕਰਨਗੇ ਤਾਂ ਹੀ ਉਹ ਨਾਟਕ ਕਹਾਉਣ ਦੇ ਹੱਕਦਾਰ ਹੋਣਗੇ।